ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ(ਸੈਕੰਡਰੀ)ਪੰਜਾਬ,
ਪੀ.ਐਸ.ਈ.ਬੀ.ਕੰਪਲੈਕਸ ਫੇਜ-8,ਐਸ.ਏ.ਐਸ. ਨਗਰ।
(ਸਪੋਰਟਸ ਸ਼ਾਖਾ)

ਵੱਲ

ਸਮੂਹ ਜਿਲਾ ਸਿੱਖਿਆ ਅਫਸਰ(ਸੈ:ਸਿ:)
ਪੰਜਾਬ।
ਈ ਫਾਈਲ ਨੰ:282693/2024 64405
ਮਿਤੀ:ਐਸ.ਏ.ਐਸ ਨਗਰ-07-03-2024

ਵਿਸ਼ਾ:- ਪੰਜਵੀਂ,ਅੱਠਵੀਂ,ਦਸਵੀ,ਬਾਰਵੀਂ ਜਮਾਤ ਦੇ ਜੇਤੂ ਖਿਡਾਰੀਆਂ ਨੂੰ ਖੇਡ ਅੰਕ ਦੇਣ ਸਬੰਧੀ।

***

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਖੇਡ ਸੰਚਾਲਨ ਨੀਤੀ 2023 ਅਨੁਸਾਰ ਪੰਜਵੀਂ,ਅੱਠਵੀਂ ਦਸਵੀ,ਬਾਰਵੀਂ ਜਮਾਤ ਦੇ 67ਵੀਆਂ ਅੰਤਰ ਜਿਲਾ ਸਕੂਲ ਖੇਡਾਂ ਅਤੇ ਨੈਸ਼ਨਲ ਸਕੂਲ ਖੇਡਾਂ 2023-24 ਦੇ ਜੇਤੂ ਖਿਡਾਰੀਆਂ ਨੂੰ ਵਾਧੂ ਖੇਡ ਅੰਕ (ਖੇਡ ਨੀਤੀ 2023 ਦੇ ਪੰਨਾਂ ਨੰ: 26 ਦੇ 15.0)ਹੇਠ ਲਿਖੇ ਅਨੁਸਾਰ ਦਿੱਤੇ ਜਾਣੇ ਹਨ:-

| ਲੜੀ ਨੰ: | ਖੇਡਾਂ ਦਾ ਪੱਧਰ | ਪੁਜੀਸ਼ਨ | ਅੰਕ |
|---|---|---|---|
| 1 | ਨੈਸ਼ਨਲ | ਪਹਿਲੀ | 25 |
| 2 | | ਦੂਜੀ | 22 |
| 3 | | ਤੀਜੀ | 19 |
| 4 | | ਪਾਰਟੀਸੀਪੇਸ਼ਨ | 15 |
| 5 | ਸਟੇਟ | ਪਹਿਲੀ | 15 |
| 6 | | ਦੂਜੀ | 12 |
| 7 | | ਤੀਜੀ | 9 |

ਉਕਤ ਸਬੰਧੀ ਦੱਸਿਆ ਜਾਂਦਾ ਹੈ ਕਿ 67 ਵੀਆਂ ਅੰਤਰ ਜਿਲਾ ਸਕੂਲ ਖੇਡਾਂ 2023-24 ਦੇ ਜੇਤੂ ਖਿਡਾਰੀਆਂ ਦੀ ਸੂਚਨਾਂ Sports Marks Entry ਪੋਰਟਲ ਵਿੱਚ ਆਪ ਵਲੋਂ ਭਰੀ ਜਾਵੇਗੀ। ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਜਿਸ ਪੋਰਟਲ ਤੇ ਪੇਪਰਾਂ ਵਿੱਚ ਅਧਿਆਪਕਾਂ ਦੀਆਂ ਡਿਊਟੀਆਂ ਲਗਾਈਆ ਜਾਂਦੀਆਂ ਹਨ, ਉਸੇ ਪੋਰਟਲ ਵਿੱਚ ਹੀ ਵਿਦਿਅਰਥੀਆਂ ਦੇ ਵਾਧੂ ਖੇਡ ਅੰਕਾਂ ਦੀ ਸੂਚਨਾਂ ਭਰੀ ਜਾਣੀ ਹੈ। ਇਸ ਵਿੱਚ ਜਿਲਾ ਸਿਖਿਆ ਅਫਸਰਾਂ ਨੂੰ ਪਹਿਲਾਂ ਜਾਰੀ User Name and Password ਰਹੇਗਾ।

67 ਵੀਆਂ ਨੈਸ਼ਨਲ ਸਕੂਲ ਖੇਡਾਂ 2023-24 ਦੇ ਜੇਤੂ ਖਿਡਾਰੀਆਂ ਦੀ ਸੂਚਨਾਂ ਹੇਠ ਲਿਖੇ ਪ੍ਰਫਾਰਮੇ ਵਿੱਚ ਭਰ ਕੇ ਭੇਜੀ ਜਾਵੇ:-

| ਲੜੀ ਨੰ: | ਰੈਫਰੈਂਸ ਨੰ: For Example ਪੀ.ਬੀ.01/2024 | ਬੋਰਡ ਦਾ ਰੋਲ ਨੰ: | ਖਿਡਾਰੀ ਦਾ ਨਾਮ | ਪਿਤਾ ਦਾ ਨਾਮ | ਸਕੂਲ ਦਾ ਨਾਮ | ਖੇਡ ਦਾ ਨਾਮ/ ਆਯੂ ਗੁੱਟ | ਪੁਜੀਸ਼ਨ |
|---|---|---|---|---|---|---|---|
| | | | | | | | |

Scanned with CamScanner

ਉਪਰੋਕਤ ਮੰਗੀ ਗਈ ਸੂਚਨਾਂ ਨਿਰਧਾਰਤਿ ਪ੍ਰਫਾਰਮੇ ਵਿੱਚ ਭਰਕੇ ਮੇਲ ਆਈ ਡੀ dydirectorphyedupb@punjabeducation.gov.in ਤੇ ਮਿਤੀ 13-03-2024 ਤੱਕ Excel Sheet ਵਿੱਚ ਭਰ ਕੇ ਪੁੱਜਦੀ ਕੀਤੀ ਜਾਵੇ। ਸਟੇਟ ਅਤੇ ਨੈਸ਼ਨਲ ਖੇਡਾਂ ਦਾ ਜੇਕਰ ਕੋਈ ਵੀ ਜੇਤੂ ਖਿਡਾਰੀ ਵਾਧੂ ਖੇਡ ਅੰਕਾਂ ਦਾ ਲਾਭ ਲੈਣ ਤੋਂ ਵਾਂਝਾ ਰਹਿੰਦਾ ਹੈ ਤਾਂ ਇਸਦੀ ਨਿਰੋਲ ਜਿੰਮਵਾਰੀ ਸਬੰਧਤ ਜਿਲਾ ਸਿੱਖਿਆ ਅਫਸਰ ਦੀ ਹੋਵੇਗੀ।

ਡਿਪਟੀ ਡਾਇਰੈਕਟਰ(ਫਿਜੀ:ਐਜੂ:)

ਪਿੱਠ ਅੰਕਣ ਨੰ:: ਉਕਤ

ਮਿਤੀ:ਐਸਏਐਸ ਨਗਰ: 07-03-2024

ਉਤਾਰਾ ਜਿਲਾ ਸਪੋਰਟਸ ਕੁਆਡੀਨੇਟਰ ਅਤੇ ਡੀ.ਐਮਜ਼ ਸਪੋਰਟਸ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਅੰਤਰ ਜਿਲਾ ਸਕੂਲ ਖੇਡਾਂ ਦੇ ਜੇਤੂ ਖਿਡਾਰੀਆਂ ਦੀ ਸੂਚਨਾਂ ਸਮੇਂ ਸਿਰ ਪੋਰਟਲ ਤੇ ਭਰੀ ਜਾਵੇ ਅਤੇ ਨੈਸ਼ਨਲ ਖੇਡਾਂ ਦੇ ਜੇਤੂ ਖਿਡਾਰੀਆਂ ਦੀ ਸੂਚਨਾਂ ਸਮੇਂ ਸਿਰ ਮੁੱਖ ਦਫਤਰ ਨੂੰ ਭੇਜੀ ਜਾਵੇ। ਦੇਰੀ ਹੋਣ ਦੀ ਸੂਰਤ ਵਿੱਚ ਜਿੰਮੇਵਾਰੀ ਆਪ ਦੀ ਨਿੱਜੀ ਹੋਵੇਗੀ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਡਿਪਟੀ ਡਾਇਰੈਕਟਰ(ਫਿਜੀ:ਐਜੂ:)

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਬਠਿੰਡਾ

ਪੱਤਰ ਨੰਬਰ: ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ/680 ਮਿਤੀ 07/03/2024

ਉਪਰੋਕਤ ਪੱਤਰ ਦਾ ਉਤਾਰਾ ਸਮੂਹ ਸਕੂਲ ਮੁੱਖੀ ਸੀ.ਸੈ./ਮਿ./ਹਾਈ/ਸੈਕੰ./ਪ੍ਰਾਇਵੇਟ/ਏਡਿਡ/ਮਾਨਤਾ ਪ੍ਰਾਪਤ (ਬਠਿੰਡਾ ਜ਼ਿਲ੍ਹਾ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ, ਉਕਤ ਪੱਤਰ ਵਿੱਚ ਦਰਜ ਹਦਾਇਤਾਂ ਅਤੇ ਮੰਗੀ ਗਈ ਸੂਚਨਾ ਮਿਤੀ 12/03/2024 ਨੂੰ 12:00 ਵਜੇ ਤੱਕ ਭੇਜਣੀ ਯਕੀਨੀ ਬਣਾਈ ਜਾਵੇ। ਮੰਗੀ ਗਈ ਸੂਚਨਾ ਦੇਰੀ ਹੋਣ ਦੀ ਸੂਰਤ ਵਿੱਚ ਜਿੰਮੇਵਾਰੀ ਸਬੰਧਤ ਸਿੱਖਿਆ ਅਧਿਆਪਕ ਅਤੇ ਸਕੂਲ ਮੁੱਖੀ ਦੀ ਹੋਵੇਗੀ।

ਸਹੀ/-
ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ,
ਬਠਿੰਡਾ

Scanned with CamScanner

## 15.0 ਇਨਾਮ ਅਤੇ ਲਾਭ

1 ਖੇਡ ਸੰਚਾਲਨ ਪਾਲਿਸੀ ਵਿੱਚ ਦਰਜ ਖੇਡਾਂ ਅਨੁਸਾਰ ਜਿਹੜੇ ਖਿਡਾਰੀ ਨੈਸ਼ਨਲ ਸਕੂਲ ਖੇਡਾਂ/ਇੰਟਰਨੈਸ਼ਨਲ ਸਕੂਲ ਖੇਡਾਂ ਵਿੱਚ ਹਿੱਸਾ ਲੈਣਗੇ ਉਨ੍ਹਾਂ ਦੇ ਖਿਡਾਰੀਆਂ ਦੀ ਹੌਸਲਾਂ ਅਫਜਾਈ ਕਰਨ ਲਈ ਹੇਠ ਲਿਖੇ ਅਨੁਸਾਰ ਇਨਾਮੀ ਰਾਸ਼ੀ ਮੁੱਖ ਦਫਤਰ ਵੱਲੋਂ ਸਮਾਗਮ ਕਰਕੇ ਦਿੱਤੀ ਜਾਵੇਗੀ:

| ਲੜੀ ਨੰ. | ਟੂਰਨਾਮੈਂਟ | ਮੈਡਲ | ਇਨਾਮੀ ਰਾਸ਼ੀ | ਪ੍ਰਤੀ ਖਿਡਾਰੀ/ਟੀਮ |
|---|---|---|---|---|
| 1. | ਅੰਤਰ ਰਾਸ਼ਟਰੀ ਸਕੂਲ ਖੇਡਾਂ | ਗੋਲਡ | 1,00,000/ | ਪ੍ਰਤੀ ਖਿਡਾਰੀ |
| | | ਸਿਲਵਰ | 75,000/- | ਪ੍ਰਤੀ ਖਿਡਾਰੀ |
| | | ਬਰੌਨਜ਼ | 50,000/- | ਪ੍ਰਤੀ ਖਿਡਾਰੀ |
| | | ਪਾਰਟੀਸੀਪੇਸ਼ਨ | 25,000/- | ਪ੍ਰਤੀ ਖਿਡਾਰੀ |
| 2. | ਨੈਸ਼ਨਲ ਸਕੂਲ ਖੇਡਾਂ | ਗੋਲਡ | 7,000/- | ਪ੍ਰਤੀ ਖਿਡਾਰੀ ਪ੍ਰਤੀ ਈਵੈਂਟ |
| | | ਸਿਵਲਰ | 5,000/- | ਪ੍ਰਤੀ ਖਿਡਾਰੀ ਪ੍ਰਤੀ ਈਵੈਂਟ |
| | | ਬਰੌਨਜ਼ | 3,000/- | ਪ੍ਰਤੀ ਖਿਡਾਰੀ ਪ੍ਰਤੀ ਈਵੈਂਟ |

2 ਨੈਸ਼ਨਲ ਸਕੂਲ ਖੇਡਾਂ ਵਿੱਚ ਭਾਗ ਲੈਣ ਵਾਲੇ ਅਤੇ ਜੇਤੂ ਖਿਡਾਰੀਆਂ ਨੂੰ , ਅੰਤਰ ਜਿਲ੍ਹਾ ਸਕੂਲ ਖੇਡਾਂ ਵਿੱਚ ਸਿਰਫ ਜੇਤੂ ਖਿਡਾਰੀਆਂ ਨੂੰ 5ਵੀਂ, 8ਵੀਂ, 10ਵੀਂ ਅਤੇ 12ਵੀਂ ਜਮਾਤਾਂ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਹੇਠ ਲਿਖੇ ਅਨੁਸਾਰ ਅੰਕ ਦਿੱਤੇ ਜਾਣਗੇ।

| ਲੜੀ ਨੰ. | ਟੂਰਨਾਮੈਂਟ | ਪੁਜੀਸ਼ਨ | ਅੰਕ |
|---|---|---|---|
| 1. | ਨੈਸ਼ਨਲ ਸਕੂਲ ਖੇਡਾਂ | ਪਹਿਲੀਂ | 25 |
| | | ਦੂਜੀ | 22 |
| | | ਤੀਜੀ | 19 |
| | | ਪਾਰਟੀਸ਼ਪੇਸ਼ਨ | 15 |
| 2. | ਅੰਤਰ ਜਿਲ੍ਹਾ ਸਕੂਲ ਖੇਡਾਂ | ਪਹਿਲੀਂ | 15 |
| | | ਦੂਜੀ | 12 |
| | | ਤੀਜੀ | 09 |

3. ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਖੇਡ ਅੰਕ ਉਕਤ ਅਨੁਸਾਰ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਦਿੱਤੇ ਜਾਣਗੇ, ਜਿਨ੍ਹਾਂ ਨੇ ਉਸੇ ਵਿੱਦਿਅਕ ਵਰ੍ਹੇ ਵਿੱਚ (ਅੰਤਰ ਜ਼ਿਲ੍ਹਾ ਸਕੂਲ ਖੇਡਾਂ ਜਾਂ ਨੈਸ਼ਨਲ ਸਕੂਲ ਖੇਡਾਂ) ਭਾਗ ਲਿਆ ਹੋਵੇਗਾ। ਸਿਰਫ ਇੱਕ ਖੇਡ ਪ੍ਰਾਪਤੀ ਦੇ ਹੀ ਉੱਚ ਅੰਕ ਦਿੱਤੇ ਜਾਣਗੇ।

4. ਅੰਤਰ ਜਿਲ੍ਹਾ ਸਕੂਲ ਖੇਡਾਂ ਅਤੇ ਰਾਸ਼ਟਰੀ ਸਕੂਲ ਖੇਡ ਮੁਕਾਬਲਿਆਂ ਵਿੱਚ ਖਿਡਾਰੀ ਦੇ ਸੱਟ ਲੱਗਣ ਤੇ ਆਉਣ ਵਾਲਾ ਮੈਡੀਕਲ ਬਿੱਲ ਦਾ ਖਰਚਾ ਵੱਧ ਤੋਂ ਵੱਧ ਦੋ ਲੱਖ ਰੁਪਏ ਤੱਕ ਮੁੱਖ ਦਫਤਰ ਵੱਲੋਂ ਸਪੋਰਟਸ ਫੰਡ ਵਿੱਚੋਂ ਦਿੱਤਾ ਜਾਵੇਗਾ। ਅੰਤਰ ਜਿਲ੍ਹਾ ਸਕੂਲ ਖੇਡਾਂ ਦੌਰਾਨ ਸੱਟ ਲੱਗਣ ਤੇ ਮੈਡੀਕਲ ਖਰਚਾ ਸਰਕਾਰ ਦੀਆਂ ਮੌਜੂਦਾ ਹਦਾਇਤਾਂ ਅਨੁਸਾਰ ਬਿਲ ਪਿੱਤਰੀ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ) ਵੱਲੋਂ ਪ੍ਰਤੀ ਹਸਤਾਖਰ ਕਰਕੇ ਮੁੱਖ ਦਫ਼ਤਰ ਨੂੰ ਸਮੇਂ ਸਿਰ ਭੇਜੇ ਜਾਣਗੇ।

Scanned with CamScanner